7

# ''ਨਵੇਂ ਸਿਰਿਓਂ ਪੈਦਾ ਹੋਣਾ ਜ਼ਰੂਰੀ ਹੈ''

## (3:1-36)

ਕਈ ਵਾਰ ਸਾਨੂੰ ਫ਼ਰਕ ਗੱਲਾਂ ਵਿਚਲਾ ਫ਼ਰਕ ਵਿਖਾਈ ਨਜ਼ਰ ਨਹੀਂ ਆਉਂਦਾ। ਮੈਨੂੰ ਯਾਦ ਹੈ ਕਿ ਜਦ ਸਾਡਾ ਨਵਾਂ ਨਵਾਂ ਵਿਆਹ ਹੋਇਆ ਸੀ ਤਾਂ ਮੈਂ ਅਤੇ ਮੇਰੀ ਪਤਨੀ ਆਪਣੀ ਇਕ ਦੋਸਤ ਦੇ ਘਰ ਗਏ ਸਾਂ। ਮੇਰੀ ਪਤਨੀ ਦੇ ਕਾਲਜ ਦੇ ਦਿਨਾਂ ਦੀ ਇਸ ਸਹੇਲੀ ਦਾ ਵਿਆਹ ਵੀ ਹਾਲ ਹੀ ਵਿਚ ਹੋਇਆ ਸੀ। ਅਤੇ ਅਸੀਂ ਉਸਦੇ ਪਤੀ ਦੇ ਬਾਰੇ ਜਾਣਨਾ ਚਾਹ ਰਹੇ ਸਾਂ। ਉਸ ਆਦਮੀ ਬਾਰੇ ਜਿਸ ਨੂੰ ਅਸੀਂ ਪਹਿਲਾਂ ਕਦੇ ਨਹੀਂ ਮਿਲੇ ਸਾਂ, ਜਾਣਨ ਦੀਆਂ ਸਾਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਸਦੀ ਪਤਨੀ ਨੇ ਉਸ ਦੇ ਬਾਰੇ ਸਾਨੂੰ ਬਹੁਤਾ ਕੁਝ ਨਹੀਂ ਦੱਸਿਆ। ਅਖ਼ੀਰ ਮੇਰੀ ਪਤਨੀ ਨੇ ਪੁੱਛ ਹੀ ਲਿਆ, ''ਸਾਨੂੰ ਉਸ ਦੇ ਬਾਰੇ ਕੁਝ ਦੱਸ! ਉਹ ਵੇਖਣ ਵਿਚ ਕਿਹੋ ਜਿਹਾ ਹੈ?'' ਸਾਡੀ ਦੋਸਤ ਨੇ ਮੇਰੀ ਪਤਨੀ ਵੱਲ ਮੂੰਹ ਕਰਕੇ ਕਿਹਾ, ''ਤੈਨੂੰ ਤਾਂ ਪਤਾ ਹੋਣਾ ਚਾਹੀਦਾ ਹੈ। ਤੇਰਾ ਵੀ ਤਾਂ ਪਤੀ ਹੈ।'' ਇਕ ਪਤੀ ਹੋਣ ਕਰਕੇ ਮੈਨੂੰ ਉਮੀਦ ਸੀ ਕਿ ਔਰਤਾਂ ਦੀ ਸੋਚ ਨਾਲੋਂ ਮਰਦਾਂ ਦੀ ਸੋਚ ਵਿਚ ਕੁਝ ਫ਼ਰਕ ਹੁੰਦੇ ਹਨ।

ਯੂਹੰਨਾ 3 ਅਧਿਆਇ ਵਿਸ਼ਵਾਸ ਪ੍ਰਤੀ ਅਜਿਹੀ ਸੋਚ ਰੱਖਣ ਦੇ ਖ਼ਿਲਾਫ਼ ਚੇਤਾਵਨੀ ਦਿੰਦਾ ਹੈ। ਅਸੀਂ ਇਹ ਕਹਿਣ ਦੀ ਅਜ਼ਮਾਇਸ਼ ਵਿਚ ਪੈ ਸਕਦੇ ਹਾਂ ਕਿ ''ਵਿਸ਼ਵਾਸ ਤਾਂ ਵਿਸ਼ਵਾਸ ਹੀ ਹੈ'' ਜਾਂ ''ਹਰ ਵਿਸ਼ਵਾਸ ਇੱਕੋ ਤਰ੍ਹਾਂ ਦਾ ਹੁੰਦਾ ਹੈ।'' ਨਿਕੁਦੇਮੁਸ ਤੋਂ ਯਿਸੂ ਦੀ ਗੱਲਬਾਤ ਅਸਲ ਵਿਚ ਵਿਸ਼ਵਾਸ ਅਤੇ ਹੇਠਲੇ ਪੱਧਰ ਦੇ ਨਕਲੀ ਵਿਸ਼ਵਾਸ ਵਿਚ ਫ਼ਰਕ ਕਰਨ ਦੀ ਅਜਿਹੀ ਨਾਕਾਮੀ ਦੀ ਚੁਣੌਤੀ ਦਿੰਦੀ ਹੈ। ਇੰਜੀਲ ਦੇ ਯੂਹੰਨਾ ਦਾ ਵਿਰਤਾਂਤ ਵਿਸ਼ਵਾਸ ਦੁਆਉਣ ਲਈ ਲਿਖਿਆ ਗਿਆ ਸੀ (20:31), ਭਾਵ ਯੂਹੰਨਾ ਲਈ ਉਸ ਵਿਸ਼ਵਾਸ ਦੀ ਪਰਿਭਾਸ਼ਾ ਬੜੀ ਚੌਕਸੀ ਨਾਲ ਦੇਣਾ ਜਿਸ ਨਾਲ ਉਹ ਵਿਸ਼ਵਾਸ ਦੁਆਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਬੜਾ ਲਾਜ਼ਮੀ ਸੀ।

ਯੂਹੰਨਾ 3 ਦਾ ਅਧਿਐਨ ਅਸਲ ਵਿਚ 2:23 ਨਾਲ ਸ਼ੁਰੂ ਹੋਣਾ ਚਾਹੀਦਾ ਹੈ ਜੋ ਦੱਸਦਾ ਹੈ ਕਿ ਯਿਸੂ ਪਸਾਹ ਦੇ ਪਰਬ ਲਈ ਯਰੂਸ਼ਲਮ ਵਿਚ ਸੀ। ਇਸ ਪਰਬ ਤੇ ਉਹ ਨਿਸ਼ਾਨ ਵਿਖਾ ਰਿਹਾ ਸੀ ਅਤੇ ਲੋਕ ਉਸ ਤੇ ਵਿਸ਼ਵਾਸ ਲਿਆ ਰਹੇ ਸਨ। ਵਿਰਤਾਂਤ ਤੋਂ ਇਹ ਲਗਦਾ ਹੈ ਕਿ ਯਿਸੂ ਬਿਲਕੁਲ ਉਹ ਕੰਮ ਕਰ ਰਿਹਾ ਸੀ, ਜਿਹੜਾ ਉਹ ਦੇ ਕਰਨ ਲਈ ਠਹਿਰਾਇਆ ਹੋਇਆ ਸੀ। ਪਰ ਯੂਹੰਨਾ ਲਿਖਦਾ ਹੈ ਕਿ ''ਯਿਸੂ ਨੇ ਆਪ ਨੂੰ ਉਨ੍ਹਾਂ ਦੇ ਹੱਥ ਵਿਚ ਨਾ ਸੌਂਪਿਆ ਇਸ ਲਈ ਜੋ ਉਹ ਸਭਨਾਂ ਨੂੰ ਜਾਣਦਾ ਸੀ'' (2:24)।

### ਜਿਸ ਵਿਸ਼ਵਾਸ ਨੂੰ ਵਿਸ਼ਵਾਸ ਨਹੀਂ ਕਿਹਾ ਜਾ ਸਕਦਾ

ਮੁੱਢਲੇ ਵਿਸ਼ਵਾਸੀ ਆਪਣੇ ਵਿਸ਼ਵਾਸ ਵਿਚ ਉੱਥੇ ਤਕ ਨਹੀਂ ਪਹੁੰਚ ਸਕਦੇ ਸਨ, ਜਿੱਥੇ ਤਕ ਯਿਸੂ ਉਨ੍ਹਾਂ ਨੂੰ ਪਹੁੰਚਾਉਣਾ ਚਾਹੁੰਦਾ ਸੀ। ਉਹ ਵਿਸ਼ਵਾਸ ਤਾਂ ਕਰਦੇ ਸਨ ਪਰ ਇਹ ਉਹ

ਵਿਸ਼ਵਾਸ ਨਹੀਂ ਸੀ ਜਿਸ ਨਾਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਸਮਝ ਆ ਜਾਂਦਾ ਕਿ ਯਿਸੂ ਅਸਲ ਵਿਚ ਕੌਣ ਹੈ। ਯਿਸੂ ਨੇ ਆਪਣੇ ਅਤੇ ਪਰਮੇਸ਼ੁਰ ਦੇ ਰਾਜ ਦੀਆਂ ਹੋਰ ਗੱਲਾਂ ਕਰਨੀਆਂ ਚਾਹੀਆਂ, ਪਰ ਅਜਿਹੀਆਂ ਧਾਰਣਾਂ ਦੀ ਲੋਕਾਂ ਦੇ ਵੱਡੇ-ਵੱਡੇ ਸਮੂਹਾਂ ਵਿਚ ਚਰਚਾ ਕਰਨੀ ਔਖੀ ਸੀ। ਨਤੀਜੇ ਵਜੋਂ ਯੂਹੰਨਾ ਨੇ ਯਿਸੂ ਦੀ ਸਿੱਖਿਆ ਨੂੰ ਵਿਸ਼ਵਾਸ ਨਾਲ ਜੋੜ ਕੇ ਹਕੀਕਤ ਭਾਵ ਮਸੀਹੀ ਵਿਸ਼ਵਾਸ ਨੂੰ ਵਿਖਾਇਆ ਜਿਸ ਵਿਚ ਉਸ ਨੂੰ ਨਿਕੁਦੇਮੁਸ ਦੀ ਯਿਸੂ ਨਾਲ ਗੱਲਬਾਤ ਦਾ ਵਰਣਨ ਕੀਤਾ।

ਨਿਕੁਦੇਮੁਸ ਜੋ ਕਿ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਹੀ ਵਿਖਾਈ ਦਿੰਦਾ ਹੈ, ਦੀ ਪਛਾਣ ‘‘ਫ਼ਰੀਸੀਆਂ ਵਿੱਚੋਂ ਨਿਕੁਦੇਮੁਸ ਨਾਉਂ ਦਾ ਇਕ ਮਨੁੱਖ ਯਹੂਦੀਆਂ ਦਾ ਇਕ ਸਰਦਾਰ ਸੀ’’ (3:1) ਦੇ ਰੂਪ ਵਿਚ ਕਰਵਾਈ। ‘‘ਸਰਦਾਰ’’ ਇਸ ਗੱਲ ਦਾ ਸੰਕੇਤ ਹੈ ਕਿ ਉਹ ਸੱਤਰ ਲੋਕਾਂ ਦੀ ਪ੍ਰਸਿੱਧ ਯਹੂਦੀ ਮਹਾਂ ਸਭਾ ਦਾ ਮੈਂਬਰ ਸੀ, ਜੋ ਉਸ ਸਮੇਂ ਯਹੂਦੀਆਂ ਤੇ ਹਕੂਮਤ ਕਰਦੀ ਸੀ। ਅਜਿਹੇ ਅਹੁਦੇ ਨਾਲ ਸ਼ਕਤੀ, ਧਨ ਅਤੇ ਪ੍ਰਸਿੱਧੀ ਮਿਲਦੀ ਸੀ, ਜਿਸ ਕਰਕੇ ਨਿਕੇਦਮੁਸ ਉਸ ਯਹੂਦੀ ਸਮਾਜ ਦਾ ਇਕ ਅਹਿਮ ਆਦਮੀ ਬਣ ਗਿਆ ਸੀ। ਬਾਅਦ ਵਿਚ ਯਿਸੂ ਨੇ ਉਸ ਨੂੰ ‘‘ਇਸਰਾਏਲ ਦਾ ਗੁਰੂ’’ (3:10) ਵੀ ਕਿਹਾ ਸੀ। ਸਿਧਾਂਤਕ ਤੌਰ ਤੇ ਨਿਕੁਦੇਮੁਸ ਜਿਹੇ ਅਹੁਦੇ ਵਾਲੇ ਲੋਕ ਯਿਸੂ ਦੇ ਸਭ ਤੋਂ ਵੱਡੇ ਦੁਸ਼ਮਣ ਸਨ। ਪਰ ਨਿਕੁਦੇਮੁਸ ਦਾ ਮਨ ਸੱਚਾਈ ਦੀ ਖੋਜ ਵਿਚ ਸੀ; ਸੋ ਉਹ ਰਾਤ ਨੂੰ ਯਿਸੂ ਤੋਂ ਪੁੱਛਣ ਆਇਆ ਕਿ ਉਹ ਕੌਣ ਹੈ?

ਨਿਕੁਦੇਮੁਸ ਨੇ ਯਿਸੂ ਤੋਂ ਆਪਣੀ ਗੱਲਬਾਤ, ਵਿਸ਼ਵਾਸ ਵਿਖਾਉਂਦਿਆਂ ਸ਼ੁਰੂ ਕੀਤੀ। ਉਸ ਨੇ ਕਿਹਾ, ‘‘ਸੁਆਮੀ ਜੀ ਅਸੀਂ ਜਾਣਦੇ ਹਾਂ ਜੋ ਤੁਸੀਂ ਗੁਰੂ ਹੋ ਕੇ ਪਰਮੇਸ਼ੁਰ ਦੀ ਵੱਲੋਂ ਆਏ ਹੋ ਕਿਉਂਕਿ ਇਹ ਨਿਸ਼ਾਨ ਜਿਹੜੇ ਤੁਸੀਂ ਵਿਖਾਲਦੇ ਹੋ ਕੋਈ ਭੀ ਨਹੀਂ ਵਿਖਾ ਸਕਦਾ ਜੇ ਪਰਮੇਸ਼ੁਰ ਉਹ ਦੇ ਨਾਲ ਨਾ ਹੋਵੇ’’ (3:2)। ਉਸ ਨੇ ਇਹ ਵਿਸ਼ਵਾਸ ਕਰਨ ਦਾ ਦਾਅਵਾ ਤਾਂ ਜ਼ਰੂਰ ਕੀਤਾ ਕਿ ਯਿਸੂ ਅਸਲ ਵਿਚ ਮੋਅਜਜ਼ੇ ਵਿਖਾਉਂਦਾ ਸੀ ਅਤੇ ਇਹ ਵੀ ਕਿ ਯਿਸੂ ਨੂੰ ਇਹ ਸ਼ਕਤੀ ਖ਼ੁਦਾ ਵੱਲੋਂ ਦਿੱਤੀ ਗਈ ਸੀ। ਨਿਕੁਦੇਮੁਸ ਨੂੰ ਦਿੱਤੇ ਗਏ ਯਿਸੂ ਦੇ ਜਵਾਬ ਦੇ ਢੰਗ ਨਾਲ ਇਹ ਹਵਾਲਾ ਪਹਿਲੀ ਵਾਰ ਪੜ੍ਹਨ ਵਾਲਾ ਹੱਕਾ ਬੱਕਾ ਰਹਿ ਸਕਦਾ ਹੈ। ਆਮ ਤੌਰ ਤੇ ਸਾਨੂੰ ਕਿਸੇ ਨੂੰ ਇਹ ਕਹਿਣ ਦੀ ਇੱਛਾ ਹੋਵੇਗੀ, ‘‘ਸ਼ੁਕਰੀਆ, ਨਿਕੁਦੇਮੁਸ। ਮੈਂ ਇਸ ਇੱਜ਼ਤ ਅਤੇ ਹੌਸਲਾ ਅਫ਼ਜ਼ਾਈ ਕਰਨ ਵਾਲੀਆਂ ਗੱਲਾਂ ਨਾਲ ਤੁਹਾਡੀ ਤਰੀਫ਼ ਕਰਦਾ ਹਾਂ। ਖ਼ਾਸ ਕਰਕੇ ਇਹ ਜਾਣਦੇ ਹੋਏ ਕਿ ਮਹਾਂਸਭਾ ਵਿਚ ਤੁਹਾਡੇ ਬਹੁਤੇ ਦੋਸਤਾਂ ਨੂੰ ਇਹ ਚੰਗਾ ਨਹੀਂ ਲੱਗੇਗਾ।’’ ਪਰ ਰੁੱਖਾ ਜਿਹਾ ਜਵਾਬ ਦਿੰਦਿਆਂ ਯਿਸੂ ਤਾਂ ਜਿਵੇਂ ਨਿਕੁਦੇਮੁਸ ਤੇ ਵਰ੍ਹ ਹੀ ਪਿਆ, ‘‘ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ ਪਰਮੇਸ਼ੁਰ ਦੇ ਰਾਜ ਨੂੰ ਵੇਖ ਨਹੀਂ ਸਕਦਾ’’ (3:3)।[1]

ਖ਼ਾਸ ਕਰ ਨਿਕੁਦੇਮੁਸ ਲਈ ਯਿਸੂ ਦੁਆਰਾ ਪ੍ਰਸਤੁਤ ਯੂਨਾਨੀ ਸ਼ਬਦ ਅਰਵੀਕਗ ਜਿਸ ਦਾ ਅਰਥ (ਮੁੜ) ਜਾਂ (ਉਪਰ ਤੋਂ) ਹੋ ਸਕਦਾ ਹੈ, ਉਲਝਾਉਣ ਵਾਲਾ ਸੀ।[2] ਉਸ ਤੋਂ ਬਾਅਦ ਦੀ ਗੱਲਬਾਤ ਦਾ ਪਤਾ ਲਗਦਾ ਹੈ ਕਿ ਉਨ੍ਹਾਂ ਵਿਚਕਾਰ ਹੋਣ ਵਾਲੀ ਹੈ। ਦੋ ਵੱਖ-ਵੱਖ, ਭਾਸ਼ਾਵਾਂ ਵਿਚ ਸੀ। ਯਿਸੂ ਤਾਂ ਸੁਰਗ ਦੀ ਭਾਸ਼ਾ ਬੋਲ ਰਿਹਾ ਸੀ ਜਦ ਕਿ ਨਿਕੁਦੇਮੁਸ ‘‘ਧਰਤੀ ਦੀ’’ (3:31)। ਯਿਸੂ ਖ਼ੁਦਾ ਦੀ ਸ਼ਕਤੀ ਨਾਲ ਰੂਹਾਨੀ ਜੀ ਉਠਣ ਦੀ ਲੋੜ ਦਾ ਐਲਾਨ ਕਰ ਰਿਹਾ ਸੀ ਜਦ ਕਿ ਨਿਕੁਦੇਮੁਸ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕੋਈ ਆਪਣੀ ਮਾਂ ਦੇ ਗਰਭ ਵਿਚ ਸਰੀਰਕ ਰੂਪ ਵਿਚ ਫੇਰ ਕਿਵੇਂ ਜਾ ਸਕਦਾ ਹੈ? ਰਾਤ ਵੇਲੇ ਯਿਸੂ ਨਾਲ ਮਿਲਣ

ਲਈ ਆਉਣ ਵਾਲੇ ਇਸ ਆਦਮੀ ਵਿਚ ਨਾਸਰਤ ਦੇ ਇਸ ਗੁਰੂ ਬਾਰੇ ਸਲਾਹੁਣਯੋਗ ਜਗਿਆਸਾ ਤਾਂ ਸੀ ਪਰ ਉਸ ਦੀ ਸੋਚ ਬਿਲਕੁਲ ਦੁਨਿਆਵੀ ਸੀ ਅਤੇ ਅਜੇ ਤਕ ਉਹ ਖ਼ੁਦਾ ਦੇ ਰਾਜ ਵਿਚ ਜ਼ਾਹਿਰ ਨਹੀਂ ਹੋਇਆ ਸੀ। ਯਿਸੂ ਨੇ ਨਿਕੁਦੇਮੁਸ ਨਾਲ ਗੱਲ ਕਰਕੇ ਉਸ ਨੂੰ ਠੋਕਰ ਅਤੇ ਚੁਣੌਤੀ ਦਿੰਦਿਆਂ ਅਸਲੀ ਵਿਸ਼ਵਾਸ ਦੀ ਪਰਿਭਾਸ਼ਾ ਸਮਝਾਈ। ਉਸਨੇ ਸਾਫ਼ ਤੌਰ ਤੇ ਦੋ ਗੱਲਾਂ ਦਾ ਸੰਕੇਤ ਦਿੱਤਾ ਕਿ ਪਰਮੇਸ਼ੁਰ ਦਾ ਰਾਜ ਕੀ ਨਹੀਂ ਹੈ।

**ਮਜ਼ਹਬ ਦੀ ਧਾਰਮਿਕ ਰਵਾਇਤ ਨਹੀਂ**

''ਧਰਮ'' ਇਕ ਅਜਿਹਾ ਸ਼ਬਦ ਹੈ ਜਿਸ ਦੇ ਬਹੁਤ ਸਾਰੇ ਅਰਥ ਕੱਢੇ ਜਾਂਦੇ ਹਨ। ਸਕਾਰਤਮਕ ਪੱਖ ਵਿਚ ਇਸ ਦਾ ਅਰਥ ''ਖ਼ੁਦਾ ਦੀ ਸੇਵਾ ਅਤੇ ਬੰਦਗੀ'' ਹੋ ਸਕਦਾ ਹੈ।[3] ਨਕਾਰਾਤਮਕ ਪੱਖ ਤੋਂ ਇਸਦਾ ਸੰਕੇਤ ''ਮਜ਼ਹਬੀ ਰਸਮਾਂ, ਮਾਨਤਾਵਾਂ ਅਤੇ ਰਵਾਇਤਾਂ ਜਾਂ ਮਰਿਆਦਾਵਾਂ ਦੀਆਂ ਬਣੀਆਂ ਹੋਈਆਂ ਰੀਤਾਂ'' ਹੋ ਸਕਦਾ ਹੈ।[4] ਕਰਮਕਾਂਡਾਂ ਦੀਆਂ ਰਿਵਾਇਤਾਂ ਵਾਲੇ ਇਸ ਅਰਥ ਤੇ ਯਿਸੂ ਦੇ ਬੇਨਤੀ ਤੇ ਜ਼ੋਰਦਾਰ ਹਮਲਾ ਹੁੰਦਾ ਹੈ ਕਿ ਪਰਮੇਸ਼ੁਰ ਦੇ ਰਾਜ ਵਿਚ ਸਿਰਫ਼ ਨਵੇਂ ਜਨਮ ਭਾਵ ਉਪਰੋਂ ਜਨਮ ਲੈਕੇ ਹੀ ਦਾਖ਼ਲ ਕੀਤਾ ਜਾ ਸਕਦਾ ਹੈ। ਆਪਣੇ ਧਰਮ ਦੀ ਦ੍ਰਿਸ਼ਟੀ ਤੋਂ ਨਿਕੁਦੇਮੁਸ ਸ਼ਰ੍ਹਾ ਦਾ ਪਾਲਣ ਗੰਭੀਰਤਾ ਨਾਲ ਕਰਨ ਵਾਲਾ ਸੀ। ਕੀ ਯਿਸੂ ਇਹ ਕਹਿ ਰਿਹਾ ਸੀ ਕਿ ਵਿਵਸਥਾ ਅਨੁਸਾਰ ਪਰਮੇਸ਼ੁਰ ਦੇ ਰਾਜ ਵਿਚ ਕਾਫ਼ੀ ਨਹੀਂ ਸੀ? ਭਾਵੇਂ! ਆਪਣੀ ਸੰਸਕਾਰ ਸੋਚ ਵਿਚ ਬੱਝੇ ਨਿਕੁਦੇਮੁਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਸ ਨੂੰ ਕੀ ਕਿਹਾ ਜਾ ਰਿਹਾ ਹੈ।

ਨਵੇਂ ਉਪਰ ਤੋਂ ਜਨਮ ਦੇ ਬਾਰੇ ਵਿਚ ਯਿਸੂ ਦੀ ਘੋਸ਼ਣਾ ਤੇ ਨਿਕੁਦੇਮੁਸ ਦੁਆਰਾ ਉਲਝਣ ਦੱਸਣ ਤੇ ਯਿਸੂ ਨੇ ਫਿਰ ਤੋਂ ਦੱਸਿਆ। ਇਸ ਵਾਰ ਉਸ ਨੇ ''ਨਵੇਂ ਸਿਰੇ ਤੋਂ ਜਨਮ'' ਦੀ ਜਗ੍ਹਾ ਤੇ ''ਜਲ ਅਤੇ ਆਤਮਾ ਤੋਂ ਜਨਮ'' ਸ਼ਬਦ ਦੀ ਵਰਤੋਂ ਕੀਤੀ (3:5)। ''ਜਲ ਅਤੇ ਆਤਮਾ'' ਤੋਂ ਇਸ ਚਰਚਾ ਵਿਚ ਬਪਤਿਸਮੇ ਦੀ ਧਾਰਣਾਂ ਮਿਲ ਗਈ।[5] ''ਜਲ'' ਦਾ ਅਰਥ ਸੀ ਉਸ ਨੂੰ ਸ਼ੁੱਧ ਹੋਣ ਦੀ ਲੋੜ ਸੀ। ਅਜਿਹਾ ਵਿਚਾਰ ਨਿਕੁਦੇਮੁਸ ਲਈ ਉਲਝਾਉਣ ਵਾਲਾ ਤਾਂ ਸੀ ਨਾਲ ਹੀ ਅਪਮਾਨਿਤ ਕਰਨ ਵਾਲਾ ਵੀ ਸੀ।

ਯਿਸੂ ਦੀ ਸੇਵਕਾਈ ਦੇ ਸਮੇਂ ਤੋਂ ਪਹਿਲਾਂ ਕਿਸੇ ਗੈਰ ਕੌਮ ਦੁਆਰਾ ਯਹੂਦੀ ਬਣਨ ਦਾ ਫੈਸਲਾ ਲੈਣ ਤੇ ਯਹੂਦੀ ਧਰਮ ਵਿਚ ਬਪਤਿਸਮਾ ਦੇਣਾ ਆਮ ਜਿਹੀ ਗੱਲ ਸੀ। ਯਹੂਦੀ (ਬੇਦੀਨ ਭਾਵ ਪ੍ਰੋਸੀਲਾਈਟ) ਬਣਨ ਲਈ ਖ਼ਤਰਾ, ਬਲੀਦਾਨ ਅਤੇ ਬਪਤਿਸਮਾ ਲੈਣ ਦੀ ਲੋੜ ਸੀ, ਸੋਚਿਆ ਵੀ ਨਹੀਂ ਜਾ ਸਕਦਾ ਸੀ। ਯਿਸੂ ਨੇ ਜ਼ੋਰ ਦੇ ਕੇ ਕਿਹਾ ਕਿ ਜਰੂਰੀ ਨਹੀਂ ਕਿ ਸਾਰੇ ਨਿਯਮ ਦਾ ਪਾਲਣ ਕਰਨ ਵਾਲਾ ਖ਼ੁਦਾ ਦੇ ਰਾਜ ਵਿਚ ਵੜ ਹੀ ਜਾਵੇ ਭਾਵ ਉੱਥੇ ਵੜਨ ਲਈ ਤਾਂ ਅਜਿਹਾ ਦਿਲ ਹੋਣਾ ਜ਼ਰੂਰੀ ਹੈ ਜਿਹੜਾ ਆਪਣੇ ਆਪ ਨੂੰ ਪਰਮੇਸ਼ੁਰ ਸਾਹਮਣੇ ਦੀਨ ਕਰੇ ਅਤੇ ਪਵਿੱਤਰ ਆਤਮਾ ਨੂੰ ਇਸ ਨੂੰ ਬਦਲਣ ਦੀ ਅਤੇ ਪਰਮੇਸ਼ੁਰ ਦੀ ਨਜ਼ਰ ਵਿਚ ਨਵਾਂ ਬਣਾਉਣ ਦੀ ਆਗਿਆ ਦੇਵੇ।

ਅੱਜ ਲੋਕਾਂ ਵਿਚ ਆਮ ਧਾਰਣਾ ਪਾਈ ਜਾਂਦੀ ਹੈ ਕਿ ਜੇਕਰ ਉਹ ਕਿਸੇ ਪ੍ਰਕਾਰ ਦੀ ਸਮੱਸਿਆ ਵਿਚ ਨਹੀਂ ਪੈਂਦੇ ਤੇ ਦੂਜਿਆਂ ਨੂੰ ਨੁਕਸਾਨ ਨਹੀਂ ਪੁਚਾਉਂਦੇ ਤਾਂ ਇਸ ਦਾ ਭਾਵ ਇਹ ਹੈ ਕਿ ਪਰਮੇਸ਼ੁਰ ਉਨ੍ਹਾਂ ਤੋਂ ਸੰਤੁਸ਼ਟ ਹੈ। ਪਵਿੱਤਰ ਲਿਖਤਾਂ ਦੀਆਂ ਇਹ ਆਇਤਾਂ ਅਜਿਹੇ ਵਿਚਾਰ ਦਾ ਦ੍ਰਿੜਤਾ ਪੂਰਵਕ ਵਿਰੋਧ ਕਰਦੀਆਂ ਹਨ। ਯਿਸੂ ਸਾਡੇ ਸਾਹਮਣੇ ਖੜਾ ਹੈ। ''ਤੇਰੇ

ਲਈ ਨਵੇਂ ਸਿਰਿਓਂ ਜਨਮ ਲੈਣਾ ਜ਼ਰੂਰੀ ਹੈ।''

**ਸਿਰਫ਼ ਮਨ ਦੇ ਮੰਨਣ ਦੀ ਗੱਲ ਨਹੀਂ**

ਤੁਹਾਨੂੰ ਕੀ ਲਗਦਾ ਹੈ ਕਿ ਨਿਕੁਦੇਮੁਸ ਰਾਤ ਦੇ ਸਮੇਂ ਯਿਸੂ ਕੋਲ ਕਿਉਂ ਆਇਆ ਸੀ? ਕੀ ਇਹ ਉਨ੍ਹਾਂ ਦੋਵਾਂ ਦੇ ਮਿਲਣ ਦਾ ਸਭ ਤੋਂ ਢੁਕਵਾਂ ਵੇਲਾ ਸੀ? ਕੀ ਇਹ ਸਿੱਖਣ ਲਈ ਵਧੀਆ ਮੌਕਾ ਸੀ ਜਿਸ ਦੀ ਸਿੱਖਿਆ ਰੱਬੀ ਲੋਕ ਆਮ ਤੌਰ ਤੇ ਦੇਂਦੇ ਸਨ? ਕੀ ਨਿਕੁਦੇਮੁਸ ਯਿਸੂ ਕੋਲ ਦਿਨ ਵੇਲੇ ਆਉਣ ਤੋਂ ਡਰਦਾ ਸੀ? ਯੂਹੰਨਾ ਦੇ ਲੇਖਾਂ ਵਿਚ ਹਨ੍ਹੇਰਾ ਇਕ ਮੁੱਖ ਧਾਰਣਾ ਹੈ ਅਤੇ ਰਾਤ ਵੇਲੇ ਆਉਣਾ ਅਜਿਹੇ ਬੰਦੇ ਲਈ ਢੁਕਵਾਂ ਸੀ ਜਿਹੜਾ ਹਾਲੇ ਵੀ ਹਨੇਰੇ ਵਿਚ ਸੀ (ਯੂਹੰਨਾ 3: 19; 21)। ਉਹ ਹਾਲੇ ਵੀ ਸ਼ਕਤੀਸ਼ਾਲੀ ਪੱਦ ਨਾਲ ਚਿਪਕਿਆ ਹੋਇਆ ਸੀ ਜਿਹੜਾ ਉਸ ਨੂੰ ਯਿਸੂ ਪ੍ਰਤੀ ਜਿਹੜਾ ਉਸ ਦੇ ਖਿੱਚੇ ਜਾਣ ਬਾਰੇ ਲੋਕਾਂ ਨੂੰ ਦੱਸਣ ਤੋਂ ਡਰਦਾ ਸੀ। ਨਿਕੁਦੇਮੁਸ ਨੂੰ ਜਲ ਅਤੇ ਆਤਮਾ ਤੋਂ ਨਵੇਂ ਸਿਰੇ ਤੋਂ ਜਨਮ ਲੈਣ ਲਈ ਕਹਿ ਕੇ ਯਿਸੂ ਬਾਕੀ ਗੱਲਾਂ ਦੇ ਇਲਾਵਾ ਉਹਨੂੰ ਵਿਸ਼ਵਾਸ ਕਰਨ ਅਤੇ ਆਪਣੇ ਵਿਸ਼ਵਾਸ ਨੂੰ ਬਪਤਿਸਮੇ ਦੇ ਸਵਰਜਨਕ ਕਾਰਜ ਨੂੰ ਪ੍ਰਗਟਾਉਣ ਲਈ ਕਹਿ ਰਿਹਾ ਸੀ। ਨਿਕੁਦੇਮੁਸ ਲਈ ਮਾਂ ਦੇ ਗਰਭ ਵਿਚ ਦੁਬਾਰਾ ਜਾਣ ਦੇ ਵਿਚਾਰ ਵਾਂਗੂੰ ਨਿਸਚੈ ਹੀ ਅਜਿਹਾ ਸੋਚਣਾ ਵੀ ਅਸੰਭਵ ਸੀ!

ਇੰਜੀਲ ਦੇ ਯੂਹੰਨਾ ਦੇ ਬ੍ਰਿਤਾਂਤ ਵਿਚ ਨਿਕੁਦੇਮੁਸ ਦਾ ਜ਼ਿਕਰ ਦੋ ਵਾਰ ਆਇਆ ਹੈ। ਅਗਲੀ ਵਾਰ ਅਸੀਂ ਉਸ ਨੂੰ ਤਦ ਵੇਖਦੇ ਹਾਂ ਜਦ ਤੰਬੂਆਂ ਦੇ ਪਰਬ ਦੇ ਦੌਰਾਨ ਮਹਾਂਸਭਾ ਯਿਸੂ ਨੂੰ ਗ੍ਰਿਫ਼ਤਾਰ ਕਰਕੇ ਮਾਰਨ ਦਾ ਯਤਨ ਕਰ ਰਹੀ ਸੀ (7:50-52)। ਤਦ ਤਾਂ, ਉਹ ਯਿਸੂ ਵਿਚ ਆਪਣੀ ਰੁਚੀ ਦੇ ਬਾਰੇ ਵਿਚ ਸ਼ਾਂਤ ਸੀ ਪਰ ਤਰਕ ਦੇਣ ਵਿਚ ਉਸ ਨੇ ਬੜਾ ਸਾਹਸ ਵਿਖਾਇਆ ਸੀ ਕਿ ਸਭਾ ਨੂੰ ਚਾਹੀਦਾ ਹੈ ਕਿ ਯਿਸੂ ਤੇ ਮੁਕੱਦਮਾ ''ਨਿਯਮ ਅਨੁਸਾਰ'' ਚਲਾਵੇ। ਮਹਾਂਸਭਾ ਦੇ ਬਾਕੀ ਲੋਕਾਂ ਦੀ ਪ੍ਰਤੀ ਕਿਰਿਆ ਬਹੁਤ ਤੀਬਰ ਅਤੇ ਪ੍ਰਚੰਡ ਸੀ। ਉਨ੍ਹਾਂ ਨੇ ਉਸ ਨੂੰ ਡਾਂਟ ਕੇ ਕਿਹਾ, ''ਕੀ ਤੂੰ ਗਲੀਲ ਦਾ ਹੈ'' (7:52)। ਅਜਿਹੇ ਬੁਰੇ ਜਵਾਬ ਦੇ ਕਾਰਣ ਇਸ ਵਿਚ ਹੈਰਾਨੀ ਨਹੀਂ ਹੁੰਦੀ ਕਿ ਨਿਕੁਦੇਮੁਸ ਅਜੇ ਵੀ ਇਕ ਗੁਪਤ ਚੇਲਾ ਸੀ। ਆਖ਼ਰੀ ਵਾਰ ਅਸੀਂ ਨਿਕੁਦੇਮੁਸ ਨੂੰ ਯਿਸੂ ਦੇ ਦੱਬਣ ਦੇ ਸਮੇਂ ਵੇਖਦੇ ਹਾਂ (19:39, 40)। ਉੱਥੇ ਅਸੀਂ ਉਸਨੂੰ ਅਰਮਿਤੀਆ ਦੇ ਯੂਸਫ਼ ਨਾਮਕ ਇਕ ਗੁਪਤ ਚੇਲੇ ਦੇ ਨਾਲ ਯਿਸੂ ਦੀ ਲਾਸ਼ ਨੂੰ ਤਿਆਰ ਕਰਕੇ ਕਬਰ ਵਿਚ ਰੱਖਦੇ ਸਮੇਂ ਵੇਖਦੇ ਹਾਂ। ਕਹਾਣੀ ਦੇ ਅੰਤ ਤਕ ਸਪੱਸ਼ਟ ਤੌਰ ਤੇ ਨਿਕੁਦੇਮੁਸ ਨੇ ਆਪਣੇ ਵਿਸ਼ਵਾਸ ਨਾਲ ''ਲੋਕਾਂ ਵਿਚ ਵਿਖਾ ਕੇ'' ਯਿਸੂ ਲਈ ਕੁਝ ਅਜਿਹਾ ਕਰ ਲਿਆ ਸੀ ਜੋ ਨਵੇਂ ਨੇਮ ਤੇ ਰਾਤ ਵੇਲੇ ਹੋਈ ਚਰਚਾ ਵਿਚ ਯਿਸੂ ਨੇ ਉਸਨੂੰ ਕਰਨ ਲਈ ਕਿਹਾ ਸੀ ਭਾਵ ਉਸਨੇ ਨਵਾਂ ਜਨਮ ਲੈ ਲਿਆ ਹੋਵੇਗਾ।

ਇੰਜੀਲ ਦੇ ਯੂਹੰਨਾ ਦੇ ਬ੍ਰਿਤਾਂਤ ਵਿਚ ਨਿਕੁਦੇਮੁਸ ਵਿਚ ਆਏ ਇਨ੍ਹਾਂ ਤਿੰਨ ਪਰਿਵਰਤਨਾਂ ਦੇ ਕਾਰਣ ਜਿਹੜੇ ਸਾਨੂੰ ਉਸ ਵਿਚ ਮਿਲਦੇ ਹਨ ਉਹ ਉਨ੍ਹਾਂ ਲੋਕਾਂ ਲਈ ਇਕ ਦਿਲਚਸਪ ਅਦਰਸ਼ ਦੇ ਰੂਪ ਵਿਚ ਕੰਮ ਕਰਦਾ ਹੈ ਜਿਨ੍ਹਾਂ ਵਿਚ ਸਰਵਜਨਕ ਰੂਪ ਵਿਚ ਆਪਣੇ ਵਿਸ਼ਵਾਸ ਨੂੰ ਪ੍ਰਗਟ ਕਰਨ ਲਈ ਸਾਹਸ ਵਿਖਾਉਣ ਵਿਚ ਔਖਿਆਈ ਆਉਂਦੀ ਹੈ। ਸੁਭਾਵਿਕ ਰੂਪ ਵਿਚ ਹੀ ਬਪਤਿਸਮੇ ਦੁਆਰਾ ਨਵਾਂ ਜਨਮ ਇਕ ਸਰਵਜਨਕ ਕੰਮ ਹੈ। ਇਹ ਫੈਸਲਾ ਇਸ ਗੱਲ ਦੀ ਘੋਸ਼ਣਾ ਕਰਦਾ ਹੈ ਕਿ ਅਸੀਂ ਯਿਸੂ ਦੇ ਹਾਂ।

ਅੱਜ ਸਾਡੇ ਉੱਤੇ ਆਪਣੇ ਰੀਤੀ ਰਿਵਾਜਾਂ ਨਾਲ ਮਿਲ ਜਾਣ ਅਤੇ ਵੱਖ ਨਾ ਵਿਖਣ ਦਾ

ਜ਼ਬਰਦਸਤ ਦਬਾਅ ਹੈ। ਮਸੀਹੀ ਲੋਕਾਂ ਵਿਚ ''ਕਬੂਲ'' ਹੋਣ ਅਤੇ ''ਸਧਾਰਣ'' ਲੋਕਾਂ ਵਾਂਗੂੰ ਵਿਖਣ ਦੀ ਐਨੀ ਚਾਹਤ ਰਹਿੰਦੀ ਹੈ ਕਿ ਕਦੀ-ਕਦੀ ਆਪਣੇ ਆਪ ਨੂੰ ਭੁਲਾ ਕੇ ਸਮਝੌਤਾ ਕਰ ਲੈਂਦੇ ਹਨ। ਅਜਿਹਾ ਕਰਕੇ ਅਸੀਂ ਉਸੇ ਵਿਸ਼ਵਾਸ ਦਾ ਇਨਕਾਰ ਕਰਦੇ ਹਾਂ ਜਿਸ ਦਾ ਪ੍ਰਚਾਰ ਅਸੀਂ ਬਪਤਿਸਮਾ ਲੈ ਕੇ ਦ੍ਰਿੜ੍ਹਤਾ ਨਾਲ ਕਰਦੇ ਹਾਂ। ਭਾਵੇਂ ਗੰਦੀ ਭਾਸ਼ਾ ਦੀ ਗੱਲ ਹੋਵੇ, ਸ਼ਰਾਬ ਪੀਣ ਦੀ ਜਾਂ ਜੀਵਨ ਪ੍ਰਤੀ ਸੁਆਰਥ ਦੀ ਯਿਸੂ ਪੁਕਾਰਦਾ ਹੈ ਕਿ ਖੜੇ ਲੋਕਾਂ ਵਿਚ ਆਪਣੇ ਵਿਸ਼ਵਾਸ ਨੂੰ ਵਿਖਾਉ।

## ਨਵਾਂ ਜੀਵਨ ਦੁਆਉਣ ਵਾਲਾ ਵਿਸ਼ਵਾਸ

ਕਨਜ਼ਰਵੇਟਿਵ ਵਿਚਾਰਧਾਰਾ ਦਾ ਸਤੰਭਕਾਰ ਕੈਲ ਥਾਮਸ ਸਮਾਚਾਰ ਵਿਪਾਰ ਦੇ ਆਪਣੇ ਲੋਕਾਂ ਵਿਚ ਗਹਿਰੀਆਂ ਮਸੀਹੀ ਅਸਥਾਵਾਂ ਵਾਲੇ ਵਿਅਕਤੀ ਦੇ ਰੂਪ ਵਿਚ ਪ੍ਰਸਿੱਧ ਹੈ। ਇਕ ਵਾਰੀ ਇਹ ਕਹਾਣੀ ਫੈਲਣ ਤੇ ਜਿਸ ਵਿਚ ਕੋਈ ਵਿਅਕਤੀ ਸ਼ਾਮਲ ਸੀ ਜਿਸ ਨੂੰ ਲੋਕ ਮਸੀਹੀ ਕਹਿੰਦੇ ਸਨ, ਥਾਮਸ ਦੇ ਇਕ ਸਾਥੀ ਨੇ ਉਸ ਤੋਂ ਪੁੱਛਿਆ, ''ਕੈਲ ਕੀ ਤੂੰ ਨਵਾਂ ਜੀਵਨ ਪਾਇਆ ਮਸੀਹੀ ਨਹੀਂ ਹੈ?'' ਜਵਾਬ ਵਿਚ ਉਸ ਨੇ ਪੁੱਛਿਆ, ''ਤੂੰ ਕੀ ਕਹਿਣਾ ਚਾਹੁੰਦਾ ਹੈ?'' ਮਿੱਤਰ ਆਪਣੇ ਪ੍ਰਸ਼ਨ ਦਾ ਜਵਾਬ ਨਹੀਂ ਜਾਣਦਾ ਸੀ, ਇਸ ਕਾਰਣ ਥਾਮਸ ਨੇ ਕਿਹਾ, ''ਹਾਂ, ਮੈਂ ਨਵਾਂ ਜਨਮ ਪਾਇਆ ਹੋਇਆ ਮਸੀਹੀ ਹਾਂ, ਪਰ ਮੈਂ ਤੈਨੂੰ ਦੱਸਦਾ ਹਾਂ ਕਿ, ਨਵੇਂ ਸਿਰੇ ਤੋਂ ਜਨਮ ਲੈਣ ਤੋਂ ਮੈਂ ਕੀ ਭਾਵ ਸਮਝਦਾ ਹਾਂ।''[6]

### ਪਰਮੇਸ਼ੁਰ ਦਾ ਸਮਰਥ

ਨਵੇਂ ਜਨਮ ਤੋਂ ਆਰੰਭ ਅਤੇ ਅੰਤ ਪਰਮੇਸ਼ੁਰ ਦੇ ਸਮਰਥ ਨਾਲ ਹੀ ਹੁੰਦਾ ਹੈ। ਯਿਸੂ ਨੇ ਨਿਕੁਦੇਮੁਸ ਦੇ ਸਾਹਮਣੇ ਇਹ ਐਲਾਨ ਕੀਤਾ ਕਿ ਨਵਾਂ ਜਨਮ ਪਵਿੱਤਰ ਆਤਮਾ ਦੇ ਸਮੱਰਥ ਦੇ ਕਾਰਣ ਸੰਭਵ ਅਤੇ ਉਪਲਬਧ ਹੁੰਦਾ ਹੈ (3:6-8)। ਪਰਮੇਸ਼ੁਰ ਦੇ ਦਾਨ ਨੂੰ ਪਾਉਣ ਦੇ ਢੰਗ ਵਿਚ ਅਸੀਂ ਐਨਾ ਉਲਝ ਜਾਂਦੇ ਹਾਂ ਕਿ ਸਾਨੂੰ ਯਾਦ ਹੀ ਨਾ ਰਹੇ ਕਿ ਸਾਡੇ ਲਈ ਸਭ ਤੋਂ ਵੱਡਾ ਦਾਨ ਪਰਮੇਸ਼ੁਰ ਦੇ ਆਤਮਾ ਦਾ ਦਿੱਤਾ ਜਾਣਾ ਹੈ।

ਨਵੇਂ ਸਿਰਿਉਂ ਜਨਮ ਲੈਣ ਦਾ ਆਧਾਰ ਪਰਮੇਸ਼ੁਰ ਦੇ ਸਮੱਰਥ ਵਿਚ ਹੀ ਹੈ ਇਸ ਲਈ ਇਹ ਵੀ ਸਾਨੂੰ ਆਪਣੇ ਜੀਵਨਾਂ ਵਿਚ ਵਾਸਤਵਿਕ ਅਤੇ ਮੱਹਤਵਪੂਰਣ ਤਬਦੀਲੀ ਦੀ ਉਮੀਦ ਵਿਖਾਉਂਦਾ ਹੈ। ਅਸੀਂ ਪੁਰਾਣੇ ਮਿੱਤਰਾਂ ਨੂੰ ਵੇਖਣ ਦੀਆਂ ਯੋਜਨਾਵਾਂ ਬਣਾਉਂਦੇ ਹਾਂ ਜਿਨ੍ਹਾਂ ਨੂੰ ਕਈ ਵਰ੍ਹਿਆਂ ਬਾਦ ਵੇਖ ਕੇ ਸਾਨੂੰ ਹੈਰਾਨੀ ਹੁੰਦੀ ਹੈ ਕਿ ਉਹ ਕਿੰਨੇ ਬਦਲ ਗਏ ਹਨ। ਵਰ੍ਹਿਆਂ ਪਹਿਲਾਂ ਜਿਨ੍ਹਾਂ ਲੋਕਾਂ ਨੂੰ ਅਸੀਂ ਜਾਣਦੇ ਸਾਂ ਅਤੇ ਉਨ੍ਹਾਂ ਦੀਆਂ ਸ਼ਖਸੀਅਤਾ ਤੋਂ ਵਾਕਫ਼ ਹੋਣ ਕਾਰਣ, ਸਾਡੇ ਲਈ ਇਹ ਕਲਪਨਾ ਕਰਨਾ ਆਸਾਨ ਹੈ ਕਿ ਉਹ ਅੱਜ ਵੀ ਉਹੀ ਲੋਕ ਹਨ ਜਿਨ੍ਹਾਂ ਨੂੰ ਅਸੀਂ ਵੀਹ ਜਾਂ ਚਾਲੀ ਸਾਲ ਪਹਿਲਾਂ ਜਾਣਦੇ ਸਾਂ। ਕੀ ਉਨ੍ਹਾਂ ਦੇ ਜੀਵਨਾਂ ਵਿਚ ਗੰਭੀਰ ਪਰਿਵਰਤਨ ਆਏ ਹੋਣਗੇ? ਜਿਥੋਂ ਤਕ ਕਿ ਮਸੀਹੀ ਲੋਕਾਂ ਦੀ ਗੱਲ ਹੈ ਅਤੇ ਇਸ ਦਾ ਜਵਾਬ ਹੈਰਾਨ ਕਰਨ ਵਾਲਾ ਹੈ, ''ਹਾਂ!'' ਪਰਮੇਸ਼ੁਰ ਦੀ ਸਮੱਰਥ ਨਾਲ ਅਸੀਂ ਬਦਲ ਰਹੇ ਹਾਂ।

### ਯਿਸੂ ਵਿਚ ਵਿਸ਼ਵਾਸ

ਵਿਸ਼ਵਾਸ ਨਵੇਂ ਜਨਮ ਦਾ ਇਕ ਨਿਵਾਰਕ (ਫ਼ੈਸਲੇ ਲੈਣ ਸੰਬੰਧੀ) ਪਹਿਲੂ ਹੈ। ਇਹ

ਵਿਸ਼ਵਾਸ ਯਿਸੂ ਦੇ ਪਰਮੇਸ਼ੁਰ ਵੱਲੋਂ ਹੋਣ ਦੀ ਗੱਲ ਦਾ ਨਹੀਂ (3:2), ਮਸੀਹ ਭਾਵ ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿਚ ਉਸ ਵਿਚ ਭਰੋਸਾ ਕਰਨ ਦਾ ਨਿਰਣਾ ਹੈ (20:31)। ਯਿਸੂ ਨੇ ਇਸ ਵਿਸ਼ਵਾਸ ਦੀ ਤੁਲਨਾ ਉਸ ਵਿਸ਼ਵਾਸ ਨਾਲ ਕੀਤੀ ਜਿਹੜਾ ਜੰਗਲ ਵਿਚ ਇਸਰਾਏਲੀਆਂ ਲਈ ਲੋੜੀਂਦਾ ਸੀ ਜਦ ਮੂਸਾ ਨੇ ਪਿੱਤਲ ਦਾ ਸੱਪ ਖੜਾ ਕੀਤਾ ਸੀ (3:14; ਗਿਣਤੀ 21:4-9)। ਉਸ ਸਮੇਂ ਇਸਰਾਏਲ ਲੋਕ ਉਨ੍ਹਾਂ ਨੂੰ ਜੰਗਲ ਵਿਚ ਲਿਆਉਣ ਕਾਰਣ ਮੂਸਾ ਅਤੇ ਪਰਮੇਸ਼ੁਰ ਵਿਰੁੱਧ ਬੁੜਬੁੜਾ ਰਹੇ ਸਨ। ਉਨ੍ਹਾਂ ਦੀਆਂ ਸ਼ਿਕਾਇਤਾਂ ਤੋਂ ਤੰਗ ਆ ਕੇ, ਪਰਮੇਸ਼ੁਰ ਨੇ ਉਨ੍ਹਾਂ ਦੇ ਡੇਰੇ ਵਿਚ ਅਗਨੀ ਸੱਪ ਘੱਲੇ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਡੰਗਣ ਕਾਰਣ ਮਰ ਗਏ। ਲੋਕ ਛੁਟਕਾਰੇ ਲਈ ਪਰਮੇਸ਼ੁਰ ਅੱਗੇ ਦੁਹਾਈ ਦੇਣ ਲੱਗੇ ਅਤੇ ਪਰਮੇਸ਼ੁਰ ਨੇ ਮੂਸਾ ਨੂੰ ਇਕ ਖੰਭੇ ਤੇ ਸੱਪ ਰੱਖਣ ਦਾ ਹੁਕਮ ਦਿੱਤਾ ਸੀ। ਸੱਪ ਦੇ ਡੱਸੇ ਹੋਏ ਜੋ ਲੋਕ ਉਸ ਪਿੱਤਲ ਦੇ ਸੱਪ ਨੂੰ ਵੇਖ ਲੈਂਦੇ ਸਨ, ਉਹ ਮਰਦੇ ਨਹੀਂ ਸੀ। ਇਸ ਕਾਰਣ ਐਨੇ ਵਿਸ਼ਵਾਸ ਦੀ ਲੋੜ ਸੀ ਜਿਸ ਨਾਲ ਕਿ ਉਹ ਸੱਪ ਨੂੰ ਵੇਖ ਸਕਣ, ਪਰ ਉਸ ਨੂੰ ਵੇਖ ਕੇ ਉਹ ਪਰਮੇਸ਼ੁਰ ਦੀ ਸਮੱਰਥ ਨਾਲ ਚੰਗੇ ਹੋ ਜਾਂਦੇ ਸਨ। ਯਿਸੂ ਨੂੰ ਸਲੀਬ ਤੇ ''ਚੜ੍ਹਾਇਆ ਗਿਆ'' ਸੀ (ਯੂਹੰਨਾ 12:32, 34) ਅਤੇ ਵਿਸ਼ਵਾਸ ਨਾਲ ਉਸ ਦੀ ਗੱਲ ਮੰਨਦੇ ਹੋਏ, ਉਸ ਵੱਲ ਵੇਖਣ ਵਾਲੇ ਵੀ ਪਰਮੇਸ਼ੁਰ ਦੀ ਤਾਕਤ ਨਾਲ ਬਚਾਏ ਜਾਂਦੇ ਹਨ!

**ਫ਼ੈਸਲਾ ਜੋ ਸੁਣਾਇਆ ਜਾਂਦਾ ਹੈ।**

ਪਰਮੇਸ਼ੁਰ ਦੀ ਸਮਰਥਾ ਨਾਲ ਨਵਾਂ ਜਨਮ ਸੰਭਵ ਹੈ। ਇਹ ਜਨਮ ਯਿਸੂ ਵਿਚ ਵਿਸ਼ਵਾਸ ਰੱਖਣ ਨਾਲ ਹੁੰਦਾ ਹੈ (3:16)। ਪਰ ਇਹ ਸਿਰਫ਼ ਉਸੇ ਵੇਲੇ ਹੁੰਦਾ ਹੈ ਜਦ ਵਿਸ਼ਵਾਸ ਕਰਨ ਦੇ ਫ਼ੈਸਲੇ ਨੂੰ ਬਪਤਿਸਮੇ ਰਾਹੀਂ ਖੁੱਲ੍ਹੇਆਮ ਮੰਨ ਲਿਆ ਜਾਂਦਾ ਹੈ ਭਾਵ ''ਜਲ ਅਤੇ ਆਤਮਾ ਦੁਆਰਾ ਜਨਮ'' ਲੈਣ ਤੇ (3:5)। ਇਹ ਨਿਰਣਾਇਕ ਕੰਮ ਇਕ ਵਿਅਕਤੀ ਅਤੇ ਪਰਮੇਸ਼ੁਰ ਵਿਚ ਨਵੇਂ ਸਬੰਧ ਅਤੇ ਉਸ ਵਿਅਕਤੀ ਅਤੇ ਯਿਸੂ ਵਿਚ ਵਿਸ਼ਵਾਸ ਕਰਨ ਵਾਲੇ ਬਾਕੀ ਵਿਸ਼ਵਾਸੀਆਂ ਦੇ ਸਮੁਦਾਇ ਭਾਵ ਕਲੀਸੀਆ ਵਿਚ ਸਬੰਧ ਦਾ ਸਬੰਧ ਸ਼ੁਰੂਆਤ ਹੈ। ਨਵੇਂ ਜਨਮ ਵਿਚ ਯਿਸੂ ਮਸੀਹ ਵਿਚ ਵਿਅਕਤੀ ਦਾ ਵਿਸ਼ਵਾਸ ਹੋਣਾ ਤਾਂ ਜ਼ਰੂਰੀ ਹੈ ਹੀ ਪਰ ਇਸ ਲਈ ਉਸ ਵਿਸ਼ਵਾਸ ਨੂੰ ਬਪਤਿਸਮੇ ਦੁਆਰਾ ਸਰਵਜਨਕ ਰੂਪ ਵਿਚ ਵਿਖਾਉਣਾ ਵੀ ਜ਼ਰੂਰੀ ਹੈ (ਮਰਕੁਸ 16:15, 16; ਰਸੂਲਾਂ ਦੇ ਕੰਮ 2:38; 22:16)।

## ਸਾਰ

ਕਹਿੰਦੇ ਹਨ ਕਿ ਜਾਰਜ ਵਾਈਟਫੀਲਡ (1714-1770 ਈਸਵੀ) ਇਸੇ ਭਾਸ਼ਾ ਵਿੱਚੋਂ ਬਾਰ-ਬਾਰ ਪ੍ਰਚਾਰ ਕਰਦਾ ਸੀ ਜਿਸ ਦਾ ਅਸੀਂ ਹੁਣੇ ਹੁਣ ਅਧਿਐਨ ਕੀਤਾ ਹੈ। ਇਕ ਦਿਨ ਇਕ ਮਿੱਤਰ ਨੇ ਉਸ ਨੂੰ ਪੁੱਛਿਆ, ''ਜਾਰਜ ਤੇਰਾ ਸੰਦੇਸ਼ 'ਨਵੇਂ ਸਿਰਿਉਂ ਜਨਮ ਲੈਣਾ ਜ਼ਰੂਰੀ ਹੈ। ਤੇ ਹੀ ਕਿਉਂ ਹੁੰਦਾ ਹੈ'?'' ਵਾਈਟਫੀਲਡ ਨੇ ਦ੍ਰਿੜਤਾ ਨਾਲ ਉੱਤਰ ਦਿੱਤਾ ਕਿ, ''ਕਿਉਂਕਿ ਤੁਹਾਡੇ ਲਈ ਨਵੇਂ ਸਿਰਿਉਂ ਜਨਮ ਲੈਣਾ ਲੋੜੀਂਦਾ ਹੈ!''

ਯਿਸੂ ਨੂੰ ਇਕ ਸਾਧਾਰਣ ਮਨੁੱਖ, ਇਕ ਮਹਾਨ ਸਿੱਖਿਅਕ, ਪਰ ਪਰਮੇਸ਼ੁਰ ਦੇ ਪੁੱਤਰ ਨਾਲੋਂ ਘੱਟ ਮੰਨਣ ਵਾਲਿਆਂ ਵਿੱਚੋਂ, ਯਿਸੂ ਆਖਦਾ ਹੈ, ''ਤੁਹਾਡੇ ਲਈ ਨਵੇਂ ਸਿਰਿਉਂ ਜਨਮ ਲੈਣਾ ਜ਼ਰੂਰੀ ਹੈ।''

ਉਨ੍ਹਾਂ ਸਭ ਲੋਕਾਂ ਲਈ ਜਿਨ੍ਹਾਂ ਦਾ ਵਿਸ਼ਵਾਸ ਹੈ ਕਿ ਪਰਮੇਸ਼ੁਰ ਦੀ ਨਜ਼ਰ ਵਿਚ ਭਲਿਆਈ ਕਰਨਾ ਹੀ ਕਾਫ਼ੀ ਹੈ, ਯਿਸੂ ਆਖਦਾ ਹੈ, ''ਤੁਹਾਡੇ ਲਈ ਨਵੇਂ ਸਿਰਿਉਂ ਜਨਮ ਲੈਣਾ ਜ਼ਰੂਰੀ ਹੈ।''

ਉਨ੍ਹਾਂ ਸਭ ਲੋਕਾਂ ਵਿੱਚੋਂ ਜਿਹੜੇ ਆਪਣੇ ਪਰੰਪਰਾਗਤ ਵਿਸ਼ਵਾਸ ਤੋਂ ਸੰਤੁਸ਼ਟ ਹਨ, ਯਿਸੂ ਕਹਿੰਦਾ ਹੈ, ''ਤੁਹਾਡੇ ਲਈ ਨਵੇਂ ਸਿਰਿਉਂ ਜਨਮ ਲੈਣਾ ਜ਼ਰੂਰੀ ਹੈ।''

ਉਨ੍ਹਾਂ ਸਭ ਲਈ ਜੋ ਸਿਰਫ਼ ਇਕ ਨਿੱਜੀ ਧਰਮ ਚਾਹੁੰਦੇ ਹਨ, ਯਿਸੂ ਆਖਦਾ ਹੈ, ਤੁਹਾਡੇ ਲਈ ਨਵੇਂ ਸਿਰਿਉਂ ਜਨਮ ਲੈਣਾ ਜ਼ਰੂਰੀ ਹੈ।''

ਉਨ੍ਹਾਂ ਸਭਨਾਂ ਲਈ ਜਿਹੜੇ ਬਪਤਿਸਮੇ ਤੋਂ ਭਾਵ, ਅਪ੍ਰਸੰਗਿਕ ਇਤਿਹਾਸਕ ਯਾਦਗਾਰ ਮੰਨਦੇ ਹਨ, ਯਿਸੂ ਆਖਦਾ ਹੈ, ''ਤੁਹਾਡੇ ਲਈ ਨਵੇਂ ਸਿਰਿਉਂ ਜਨਮ ਲੈਣਾ ਜ਼ਰੂਰੀ ਹੈ।''

ਟਿੱਪਣੀਆਂ

[1]ਇੰਜੀਲ ਦੇ ਯੂਹੰਨਾ ਦੇ ਬ੍ਰਿਤਾਂਤ ਵਿਚ ਸਾਨੂੰ ਸਿਰਫ਼ ਏਥੇ ਹੀ ''ਪਰਮੇਸ਼ੁਰ ਦਾ ਰਾਜ'' ਸ਼ਬਦ ਮਿਲਦਾ ਹੈ। ਇਸੇ ਵਿਚਾਰ ਨੂੰ ਪ੍ਰਗਟ ਕਰਨ ਲਈ ਉਸ ਨੇ ''ਜੀਵਨ'' ਜਾਂ ''ਅਨੰਤ ਜੀਵਨ'' ਦਾ ਇਸਤੇਮਾਲ ਕੀਤਾ। [2]ਯੂਹੰਨਾ 3:31 ਵੇਖੋ ਜਿੱਥੇ ਇਸ ਦਾ ਭਾਵ ''ਸੁਰਗ ਤੋਂ'' ਹੈ। [3]*ਵੈਬਸਟਰਸ ਨਾਇੰਥ ਨਿਊ ਕਾਲਜੀਏਟ ਡਿਕਸ਼ਨਰੀ* (1988), **s.v.** ''ਰਿਲੀਜਨ''। [4]ਉੱਥੇ। [5]''ਜਲ ਤੋਂ ਜਨਮ'' ਵਾਕੰਸ਼ ਬਪਤਿਸਮੇ ਦਾ ਸੁਝਾਅ ਮਿਲਿਆ, ਜਿਹੜਾ ਕਿ ਯਹੂਦੀਆਂ ਵਿਚ ਪਹਿਲਾਂ ਹੀ ਪ੍ਰਸਿੱਧ ਸੀ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਕਰਕੇ ਵਰਤਮਾਨ ਵਿਚ ਰਚਚਾ ਦਾ ਵਿਸ਼ਾ ਸੀ ਵੇਖੋ 1:25; 3:22-26; 4:1-3. [6]''ਸ਼ੈਫਰਡਿੰਗ, ਸਰਵੈਂਟਹੁੰਡ ਐਂਡ ਸਕਸੈੱਸ'', *ਪਾਸਟਰ ਟੂ ਪਾਸਟਰ* ਅੰਕ 13 (ਕੋਲੋਰੇਡ ਸਪ੍ਰਿੰਗਜ਼, ਕੋਲੋ.: ਫੋਕਸ ਆਨ ਦ ਫ਼ੈਮਿਲੀ, 1994), ਸਾਉਂਡ ਕੈਸਟ।